ਸਭ ਹੱਕ ਲੇਖਕ ਦੇ ਰਾਖਵੇਂ ਹਨ ।

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥ G-826

ਰੋਗ ਦਾਰੂ ਦੋਵੈ ਬੁਝੈ ਤਾਂ ਵੈਦੁ ਸੁਜਾਣੁ ॥

ਸ੍ਵਦੇਸ਼ ਭਾਸ਼ਾ ਪ੍ਰਚਾਰਕ ਲੜੀ ਨੰ: ੧੪੦

ਆਯੁਰ ਵੇਦ ਰਤਨਾਵਲੀ ਲੜੀ ਨੰ: ੨

# ਚਰਕ ਸੰਹਿਤਾ

ਅਰਥਾਤ

ਹਿੰਦੀ ਚਕਿਤਸਾ (ਦੇਸੀ ਹਿਕਮਤ) ਦਾ ਸਭ ਤੋਂ
ਪ੍ਰਸਿੱਧ ਤੇ ਪ੍ਰਮਾਣੀਕ ਵੈਦਜਕ ਗ੍ਰੰਥ

[ਪਹਿਲਾ ਹਿੱਸਾ]

(ਸੂਤ੍ਰ, ਨਿਦਾਨ, ਵਿਮਾਨ, ਸਰੀਰ ਤੇ ਇੰਦ੍ਰਯਸਥਾਨ)

ਲਖਕ

**ਭਾਈ ਮੋਹਨ ਸਿੰਘ ਜੀ ਵੈਦ**

ਤਰਨ ਤਾਰਨ ਪੰਜਾਬ

ਪ੍ਰਕਾਸ਼ਕ :

**ਭਾਈ ਲਾਭ ਸਿੰਘ ਐਂਡ ਸਨਜ਼**

ਪੁਸਤਕਾਂ ਵਾਲੇ ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ

ਗੁਰੂ ਖਾਲਸਾ ਪ੍ਰੈਸ ਅੰਮ੍ਰਿਤਸਰ ਵਿਚ ਸ੍ਰਦਾਰ ਪ੍ਰੀਤਮ ਸਿੰਘ
ਮੈਨੇਜਰ ਤੇ ਪ੍ਰਿੰਟਰ ਦੇ ਯਤਨ ਨਾਲ ਛਪਣਾ ॥

ਪਹਿਲੀ ਵਾਰ — ਭੇਟਾ ੪) ਚਾਰ ਰੁਪੈ

20113

੧ ੳ ਸ੍ਰੀ ਵਾਹਿਗੁਰੂ ਜੀ ਕੀ ਫਤਹ॥

# ਅਰੰਭ ਦੀ ਬੇਨਤੀ !

ਆਯੁਰਵੇਦ ਅਰਥਾਤ ਦੇਸੀ ਚਕਿਤਸਾ ਸ਼ਾਸਤ੍ਰ ਦ
ਗੌਰਵਤਾ ਸੰਬੰਧੀ ਦਾਸ ਅੱਡ ਇੱਕ ਪੁਸਤਕ "ਗੌਰਵਤਾਆਯੁ
ਵੇਦ" ਸ੍ਵਦੇਸ਼ ਭਾਸ਼ਾ ਪ੍ਰਚਾਰਕ ਲੜੀ ਵਿੱਚ ਹੀ ਅੰਕ ੩੨
ਪ੍ਰਕਾਸ਼ਤ ਕਰ ਚੁਕਾ ਹੋਯਾ ਹੈ, ਇਥੇ "ਪੀਸੇ ਦੇ ਮੁੜ ਪੀਸਣ
ਦੀ ਲੋੜ ਨਹੀਂ" ਵਾਲੀ ਅਖਾਵਤ ਅਨੁਸਾਰ ਬਹੁਤ ਕੁਝ ਲਿਖਣ
ਦੀ ਲੋੜ ਨਹੀਂ ਭਾਸਦੀ, ਇਥੇ ਕੇਵਲ ਇੰਨੀ ਬੇਨਤੀ ਕਰ
ਦੇਣੀ ਹੀ ਬੱਸ ਹੋਵੇਗੀ ਕਿ ਆਯੁਰਵੇਦ (ਚਕਿਤਸਾ) ਸ਼ਾਸਤ੍ਰ
ਵਿਚੋਂ ਇਹ ਸਿਰੋਮਣੀ ਗ੍ਰੰਥ "ਚਰਕ ਸੰਹਿਤਾ" ਸਭ ਤੋਂ
ਵੱਧ ਸਨਮਾਨ ਯੋਗ ਤੇ ਬਹੁਤ ਲਾਭ ਦਾਤਾ ਹੈ। ਆਯੁਰਵੇ
ਸੰਬੰਧੀ ਕੋਈ ਭੀ ਬਾਤ ਨਹੀਂ ਜਿਸਦੇ ਗੁਰ ਏਸ ਵਿਚ ਨ
ਮਿਲਨ। ਆਯੁਰਵੇਦ ਵਿੱਦਯਾ (ਚਕਿਤਸਾ ਸ਼ਾਸਤ੍ਰ- ਵੈਦਯਕ)
ਦੇ ਮੁਖ ਗ੍ਰੰਥਾਂ ਵਿਚੋਂ ਇਹ ਪ੍ਰਧਾਨ ਤੇ ਪਰਮ ਪ੍ਰਸਿੱ
ਗ੍ਰੰਥ ਹੈ, ਜਿਸ ਵਿੱਚੋਂ ਵੈਦਯਕ (ਚਕਿਤਸਾ) ਸੰਬੰਧੀ ਸ
ਪ੍ਰਕਾਰ ਦੀ ਵਿੱਦਯਾ ਦੇ ਨਾਲ ਹੋਰ ਭੀ ਅਨੇਕ ਪ੍ਰਕਾਰ
ਅਰਥ ਪ੍ਰਮਾਰਥ ਸੰਬੰਧੀ ਸ੍ਰੇਸ਼ਟ ਗਯਾਨ ਪ੍ਰਾਪਤ ਹੁੰਦੇ ਹਨ
ਸ਼ਾਸਤ੍ਰ ਦੀ ਆਗਯਾ ਤਾਂ ਏਥੋਂ ਤੱਕ ਹੈ ਕਿ "ਜਿਸ ਨੇ ਚਰ
ਨਹੀਂ ਪੜ੍ਹਿਆ ਓਹ ਵੈਦ ਨਹੀਂ, ਸਗੋਂ ਰੋਗੀਆਂ ਵਾਸ



ਜਮ ਦਾ ਭਰਾ ਹੈ।" ਇਤਹਾਸ ਤੋਂ ਪਤਾ ਲਗਦਾ ਹੈ ਕਿ
ਅੱਠਵੀਂ ਸਦੀ ਦੇ ਮੁੱਢ ਵਿੱਚ ਏਸ ਦਾ ਉਲਥਾ ਅਰਬੀ ਭਾਸ਼ਾ
ਵਿੱਚ ਕੀਤਾ ਗਿਆ ਸੀ, ਉਸ ਦੇ ਉਪ੍ਰੰਤ ਲੇਟਿਨ ਤੇ ਕੁਝ
ਚਿਰ ਪਿੱਛੋਂ ਅੰਗ੍ਰੇਜ਼ੀ ਵਿੱਚ ਭੀ ਹੋਇਆ। ਅਰਬੀ, ਲੈਟਿਨ,
ਅੰਗ੍ਰੇਜ਼ੀ, ਬੰਗਾਲੀ, ਮਰਹਟੀ, ਮਦਰਾਸੀ, ਗੁਜਰਾਤੀ, ਤੈਲੰਗੂ,
ਹਿੰਦੀ ਉਰਦੂ ਆਦਿਕ ਅਨੇਕ ਬੋੱਲੀਆਂ ਵਿੱਚ ਬਹੁਤ ਤਰਾਂ ਦੇ
ਉਲਥੇ ਵਰਤਮਾਨ ਹਨ, ਅਰਥਾਤ ਪੰਜਾਬੀ ਪਾਠਕਾਂ ਤੋਂ
ਬਿਨਾਂ ਦੇਸੀ ਪ੍ਰਦੇਸੀ ਹਰ ਬੋੱਲੀ ਜਾਨਣ ਵਾਲੇ ਇਸ ਸਰਬ
ਗਯਾਨ ਪ੍ਰਾਪਤੀ ਦੇ ਸਾਧਨ "ਅਦੁਤੀ ਗ੍ਰੰਥ" ਤੋਂ ਲਾਭ
ਪ੍ਰਾਪਤ ਕਰ ਸਕਦੇ ਹਨ, ਸੋ ਚਿਰਾਂ ਤੋਂ ਦਾਸ ਦੀ ਇੱਛਾ
ਇਸ (ਚਰਕ ਸੰਹਿਤਾ) ਨੂੰ ਪੰਜਾਬੀ ਭਾਸ਼ਾ ਵਿਚ ਲਿਖਣ
ਤੇ ਪ੍ਰਕਾਸ਼ਤ ਕਰਨ ਦੀ ਸੀ, ਸੋ ਅਕਾਲ ਪੁਰਖ ਜੀ ਦਾ
ਕੋਟਾਨ ਕੋਟ ਸ਼ੁਕਰ ਹੈ ਜਿਨ੍ਹਾਂ ਦੀ ਕ੍ਰਿਪਾਲਤਾ ਨਾਲ ਅੱਜ
ਏਹ ਆਯੁਰਵੇਦ ਦਾ ਚਮਕਦਾ ਸਤਾਰਾ (ਚਰਕ ਸੰਹਿਤਾ
ਗ੍ਰੰਥ) ਜਿਸ ਤੋਂ ਹਰ ਇੱਕ ਵੈਦ, ਹਕੀਮ, ਡਾਕਟਰ ਤਾਂ ਇੱਕ
ਪਾਸੇ ਰਹੇ ਸਗੋਂ ਹਰ ਤਰਾਂ ਦੇ ਵਿਦਵਾਨ ਤਥਾ ਸਾਧਾਰਨ
ਪਾਠਕ ਭੀ ਚੋਖਾ ਲਾਭ ਪ੍ਰਾਪਤ ਕਰ ਸਕਦੇ ਹਨ।

ਸੋ ਸਭ ਦੇ ਲਾਭ ਵਾਸਤੇ ਸ੍ਵਦੇਸ਼ ਭਾਸ਼ਾ ਪ੍ਰਚਾਰਕ
ਲੜੀ ਦੇ ਸਿਲਸਿਲੇ ਵਿਚ ਸੈਂਚੀਆਂ ਦੇ ਰੂਪ ਵਿਚ ਪ੍ਰਕਾਸ਼ਤ
ਕਰਕੇ ਪੰਜਾਬੀ ਪਾਠਕਾਂ ਦੀ ਭੇਟ ਕਰਦਾ ਹਾਂ। ਇਹ ਉਲਥਾ
ਪ੍ਰਧਾਨਤਾ ਨਾਲ ਸ੍ਰੀ ਕ੍ਰਿਸ਼ਨ ਲਾਲ ਜੀ ਕ੍ਰਿਤ ਹਿੰਦੀ ਭਾਸ਼ਾ
ਦੇ ਅਧਾਰ ਅਰ ਸ੍ਰੀਮਾਨ ਪੰਡਤ ਦਤ ਰਾਮ ਜੀ ਚਤੁਰਵੇਦੀ
ਤਥਾ ਸ੍ਰੀਮਾਨ ਪੰਡਤ ਰਾਮ ਪ੍ਰਸ਼ਾਦ ਜੀ ਆਦਿਕਾਂ ਦੇ ਉਲ-
ਥਿਆਂ ਨਾਲ ਪੂਰੀ ਸੁਧਾਈ ਤੇ ਯੋਗ ਵਾਧਾ ਕਰਕੇ ਲਿਖਿਆ,

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.